# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 29 ਨਵੰਬਰ 2025 ਦਿਨ ਸ਼ਨੀਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਉਦਘਾਟਨ ਦੀ ਕਾਹਲੀ ਤੇ ਜਦੋਂ ਨੇਤਾ ਜੀ ਅਧੂਰੇ ਪਾਰਕ ਦਾ ਹੀ ਉਦਘਾਟਨ ਕਰਕੇ ਚੱਲਦੇ ਬਣੇ

### ਨੌਂ ਮਹੀਨੇ ਬਾਅਦ ਵੀ ਅਧੂਰੇ ਪਾਰਕ ਦੀ ਸਥਿਤੀ ਜਿਉ ਦੀ ਤਿਉ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ




ਬਠਿੰਡਾ 29 ਨਵੰਬਰ : ਪੰਜਾਬ ਦੀ ਮੌਜੂਦਾ ਸਰਕਾਰ ਇੱਕ ਪਾਸੇ ਤਾਂ ਵਿਕਾਸ ਦੀਆਂ ਗੱਲਾਂ ਕਰਦੀ ਨਹੀਂ ਥੱਕਦੀ, ਪ੍ਰੰਤੂ ਜ਼ਮੀਨੀ ਪੱਧਰ ਤੇ ਸਥਿਤੀ ਕੁੱਝ ਹੋਰ ਹੀ ਵੇਖਣ ਨੂੰ ਮਿਲਦੀ ਹੈ। ਸਰਕਾਰ ਦੇ ਹੋ ਰਹੇ ਕੁੱਝ ਕੰਮਾਂ ਨੂੰ ਵੇਖ਼ ਕੇ ਤਾਂ ਇੰਝ ਲੱਗਦਾ ਹੈ ਕਿ ਹਾਥੀ ਦੇ ਦੰਦ ਖਾਣ ਦੇ ਹੋਰ ਤੇ ਦਿਖਾਉਣ ਲਈ ਹੋਰ। ਜਿਸ ਤਰ੍ਹਾਂ ਕਿ ਪਿਛਲੇ ਕਰੀਬ ਚਾਰ ਸਾਲਾਂ ਤੋਂ ਦੇਖਦੇ ਆਏ ਹਾਂ ਕਿ ਪੰਜਾਬ ਦੀ ਮੌਜੂਦਾ ਸਰਕਾਰ ਦੇ ਉਹ ਚਾਹੇ ਕੋਈ ਮੰਤਰੀ ਹੋਵੇ, ਵਿਧਾਇਕ ਹੋਵੇ ਜਾਂ ਕਿਸੇ ਮਹਿਕਮੇ ਦਾ ਚੇਅਰਮੈਨ ਹੋਵੇ ਉਦਘਾਟਨ ਕਰਨ ਨੂੰ ਜਿਆਦਾ ਹੀ ਕਾਹਲੇ ਅਤੇ ਤਿਆਰ ਬਰ ਤਿਆਰ ਰਹਿੰਦੇ ਹਨ। ਭਾਵੇਂ ਕਈ ਵਾਰ ਸਥਿਤੀ ਬੜੀ ਹਾਸੋਹੀਣੀ ਬਣ ਜਾਂਦੀ ਹੈ।ਬਿਲਕੁੱਲ ਇਸੇ ਤਰ੍ਹਾਂ ਦਾ ਹੀ ਮਾਮਲਾ ਬਠਿੰਡਾ ਜਿਲ੍ਹੇ ਦੇ ਬਲਾਕ ਸੰਗਤ ਅਧੀਨ ਆਉਂਦੇ ਪਿੰਡ ਕੋਟਗੁਰੂ ਤੋਂ ਸਾਹਮਣੇ ਆਇਆ ਹੈ ਜਿੱਥੇ ਅੱਜ ਤੋਂ ਕਈ ਮਹੀਨੇ ਪਹਿਲਾਂ ਬਠਿੰਡਾ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਤੇ ਜਿਲ੍ਹਾ ਪ੍ਰਧਾਨ ਜਤਿੰਦਰ ਸਿੰਘ ਭੱਲਾ ਨੇ ਫੋਕੀ ਵਾਹ ਵਾਹ ਖੱਟਣ ਲਈ ਪਿੰਡ ਵਿੱਚ ਬਨਣ ਵਾਲੇ ਪਾਰਕ ਦਾ ਉਦਘਾਟਨ ਬਿਨਾਂ ਕੰਮ ਪੂਰਾ ਹੋਏ ਹੀ ਕਰ ਦਿੱਤਾ। ਜਦੋਂ ਕਿ ਪਾਰਕ ਦਾ ਅਜੇ ਤੱਕ ਅੱਧਾ ਕੰਮ ਵੀ ਪੂਰਾ ਨਹੀਂ ਹੋਇਆ ਸੀ। ਇਸਤੋਂ ਵੀ ਵੱਧ ਹੈਰਾਨੀ ਇਸ ਗੱਲ਼ ਦੀ ਹੈ ਕਿ ਉਹਨਾਂ ਦੇ ਉਦਘਾਟਨ ਕਰਨ ਸਮੇਂ ਪਿੰਡ ਦੀ ਪੰਚਾਇਤ, ਬਲਾਕ ਵਿਕਾਸ ਦਫ਼ਤਰ ਸੰਗਤ ਦੇ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ। ਪਰ ਕਿਸੇ ਨੇ ਅਧੂਰੇ ਪਾਰਕ ਦਾ ਉਦਘਾਟਨ ਕਰਨ ਦਾ ਵਿਰੋਧ ਨਹੀਂ ਕੀਤਾ। ਪ੍ਰੰਤੂ ਸਭ ਤੋਂ ਵੱਧ ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਉਦਘਾਟਨ ਕਰਨ ਤੋਂ ਬਾਅਦ ਵੀ ਤਕਰੀਬਨ ਪੌਣਾ ਸਾਲ ਬੀਤਣ ਦੇ ਬਾਵਜੂਦ ਵੀ ਪਾਰਕ ਦਾ ਕੰਮ ਪੂਰਾ ਕਰਨ ਦੀ ਬਜਾਏ ਸਥਿਤੀ ਅੱਜ ਵੀ ਜਿਉ ਦੀ ਤਿਉਂ ਹੀ ਹੈ। ਪਾਰਕ ਅੱਗੋਂ ਦੀ ਲੰਘਣ ਵਾਲ਼ਾ ਹਰ ਜਾਗਰੂਕ ਇਨਸਾਨ ਅਧੂਰੇ ਪਾਰਕ ਦੇ ਉਦਘਾਟਨ ਦਾ ਰੱਖਿਆ ਹੋਇਆ ਪੱਥਰ ਵੇਖ ਕੇ ਬਹੁਤ ਹੈਰਾਨੀ ਪ੍ਰਗਟ ਕਰਦਾ ਹੋਇਆ, ਮਨ ਹੀ ਮਨ ਸਰਕਾਰ ਨੂੰ ਕੋਸਦਾ ਹੋਇਆ ਅੱਗੇ ਲੰਘ ਜਾਂਦਾ ਹੈ। । ਇਥੇ ਇਹ ਵੀ ਜ਼ਿਕਰ ਕਰਨਾ ਬਹੁਤ ਜਰੂਰੀ ਹੈ ਕਿ ਜਤਿੰਦਰ ਸਿੰਘ ਭੱਲਾ ਕਈ ਪਲਾਂਟਾਂ ਦੇ ਮਾਮਲੇ ਚ ਪੀੜਤ ਲੋਕਾਂ ਨੂੰ ਇਨਸਾਫ ਨਹੀਂ ਦਵਾ ਸਕੇ। ਜ਼ਿਕਰਯੋਗ ਹੈ ਕਿ ਪਿਛਲੀ ਕਾਂਗਰਸ ਸਰਕਾਰ ਦੇ ਸਮੇਂ ਉਸ ਵੇਲੇ ਦਾ ਕੈਪਟਨ ਅਮਰਿੰਦਰ ਸਿੰਘ ਦਾ ਇੱਕ ਕਥਿਤ ਨੇੜਲਾ ਈ ਓ ਜਿਸਨੇ ਕਿ ਬੜੀਆਂ ਧਾਂਦਲੀਆਂ ਕੀਤੀਆਂ ਅਤੇ ਵੱਡੀਆਂ ਕਲੋਨੀਆਂ ਵਿੱਚ ਮੋਟੇ ਪੈਸੇ ਲੈਕੇ ਲੋਕਾਂ ਦੇ ਪਲਾਟ ਏਧਰੋਂ ਉੱਧਰ ਕੀਤੇ ਉਸ ਵੱਲ ਵੀ ਪੰਜਾਬ ਸਰਕਾਰ ਅਤੇ ਮਹਿਕਮੇ ਦੇ ਚੇਅਰਮੈਨ ਨੇ ਕੋਈ ਖ਼ਾਸ ਧਿਆਨ ਨਹੀਂ ਦਿੱਤਾ।

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਤਿੰਨੋਂ ਵਿਧਾਨ ਸਭਾ ਹਲਕਿਆਂ ਤੋਂ ਧਾਰਮਿਕ ਸਥਾਨਾਂ ਲਈ ਬੱਸਾਂ ਰਵਾਨਾ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ




ਕੋਟਕਪੂਰਾ, 29 ਨਵੰਬਰ : ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਅੱਜ ਫਰੀਦਕੋਟ ਦੇ ਤਿੰਨੋਂ ਵਿਧਾਨ ਸਭਾ ਹਲਕਿਆਂ ਦੇ ਪਿੰਡਾਂ ਤੋਂ ਅੰਮ੍ਰਿਤਸਰ ਸਾਹਿਬ ਵਿਖੇ ਧਾਰਮਿਕ ਦਰਸ਼ਨਾਂ ਲਈ ਬੱਸਾਂ ਰਵਾਨਾ ਹੋਈਆਂ। ਹਲਕਾ ਫਰੀਦਕੋਟ ਦੇ ਪਿੰਡ ਅਰਾਈਆਂਵਾਲਾ ਖੁਰਦ ਤੋਂ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀ ਬੱਸ ਨੂੰ ਮੈਡਮ ਬੇਅੰਤ ਕੌਰ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਇਸੇ ਤਰ੍ਹਾਂ ਹਲਕਾ ਕੋਟਕਪੂਰਾ ਦੇ ਪਿੰਡ ਟਹਿਣਾ ਤੋਂ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਨੇ ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕੀਤਾ। ਹਲਕਾ ਜੈਤੋ ਦੇ ਪਿੰਡ ਬੱਗੇਆਣਾ ਤੋਂ ਸਰਧਾਲੂਆਂ ਦੀ ਬੱਸ ਨੂੰ ਸਰਪੰਚ ਬੱਗੇਆਣਾ ਸੰਦੀਪ ਕੌਰ ਅਤੇ ਸਰਪੰਚ ਬੱਗੇਆਣਾ ਖੁਰਦ ਤਾਰਾ ਸਿੰਘ ਨੇ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸ਼ਰਧਾਲੂਆਂ ਦੀ ਬੱਸ ਨੂੰ ਰਵਾਨਾ ਕਰਨ ਮੌਕੇ ਮੈਡਮ ਬੇਅੰਤ ਕੌਰ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਤੀਰਥ ਯਾਤਰਾ ਯੋਜਨਾ ਤਹਿਤ ਸ਼ਰਧਾਲੂਆਂ ਨੂੰ ਪਵਿੱਤਰ ਸਥਾਨਾਂ ਦੇ




ਦਰਸ਼ਨ ਕਰਵਾਉਣ ਦੀ ਪਹਿਲਕਦਮੀ ਬਹੁਤ ਹੀ ਸ਼ਲਾਘਯੋਗ ਹੈ। ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਨੇ ਕਿਹਾ ਕਿ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਹਰ ਵਰਗ ਦੇ ਲੋਕਾਂ ਲਈ ਹੈ ਅਤੇ ਇਸ ਤਹਿਤ ਅੱਜ ਸ਼ਰਧਾਲੂਆਂ ਦੇ ਜੱਥੇ ਨੂੰ ਰਵਾਨਾ ਕੀਤਾ ਗਿਆ ਹੈ, ਜੋ ਕਿ ਉਨ੍ਹਾਂ ਨੂੰ ਪਵਿੱਤਰ ਸਥਾਨਾਂ ਦੇ ਦਰਸ਼ਨ ਕਰਵਾਉਣਗੇ। ਉਨ੍ਹਾਂ ਕਿਹਾ ਕਿ ਹਰ ਵਰਗ ਲਈ ਤੀਰਥ ਯਾਤਰਾ ਯੋਜਨਾ ਸ਼ੁਰੂ ਕਰਕੇ ਸਰਬ ਸਾਝੀਵਾਲਤਾ ਅਤੇ ਆਪਸੀ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਯਾਤਰਾ ਦੌਰਾਨ ਕਿਸੇ ਵੀ ਬਜ਼ੁਰਗ ਨੂੰ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਦਰਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਸੂਬਾ ਸਰਕਾਰ ਨੇ ਸ਼ਰਧਾਲੂਆਂ ਦੇ ਰਹਿਣ-ਸਹਿਣ ਅਤੇ ਖਾਣ-ਪੀਣ ਦਾ ਵਿਸਤ੍ਰਿਤ ਪ੍ਰਬੰਧ ਕੀਤਾ ਹੋਇਆ ਹੈ। ਇਸ ਮੌਕੇ ਅੰਮ੍ਰਿਤਸਰਾ ਸਾਹਿਬ ਵਿਖੇ ਜਾਣ ਵਾਲੇ ਸ਼ਰਧਾਲੂਆਂ ਨੇ ਪੰਜਾਬ ਸਰਕਾਰ ਦਾ ਤੀਰਥ ਯਾਤਰਾ ਯੋਜਨਾ ਚਲਾਉਣ ਲਈ ਧੰਨਵਾਦ ਕੀਤਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਡਾ. ਸੰਦੀਪ ਮਲਹੋਤਰਾ, ਚੇਅਰਮੈਨ ਮਾਰਕਿਟ ਕਮੇਟੀ ਫਰੀਦਕੋਟ ਅਮਨਦੀਪ ਸਿੰਘ ਬਾਬਾ, ਬੀ.ਡੀ.ਪੀ.ਓ. ਫਰੀਦਕੋਟ ਨੱਥਾ ਸਿੰਘ, ਬੀ.ਡੀ.ਪੀ.ਓ. ਵਿਕਾਸ, ਬੀ.ਡੀ.ਪੀ.ਓ. ਜੈਤੋ ਇਕਬਾਲ ਸਿੰਘ, ਦਵਿੰਦਰ ਕਟਾਰੀਆ ਰੀਡਰ ਏ.ਡੀ.ਸੀ., ਗੁਰਦਿਆਲ ਸਿੰਘ, ਗੁਰਮੀਤ ਕੌਰ, ਬੇਅੰਤ ਕੌਰ ਸ਼ਰਧਾਲੂਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਤੀਰਥ ਯਾਤਰਾ ਯੋਜਨਾ ਤਹਿਤ ਜਾਣ ਵਾਲੇ ਹੋਰ ਸ਼ਰਧਾਲੂ ਹਾਜ਼ਰ ਸਨ।

## ‘ਪੁੱਠੇ ਰਾਹ’ ਸ਼ਾਰਟ ਫ਼ਿਲਮ ਰਾਹੀਂ ਸਮਾਜ ਨੂੰ ਸੇਧ ਲੈਣ ਦੀ ਜ਼ਰੂਰਤ : ਡੀ.ਐੱਸ.ਪੀ. ਸੰਜੀਵ ਕੁਮਾਰ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 29 ਨਵੰਬਰ : ਜੇਕਰ ਅਸੀਂ ਚੰਗਾ ਸਮਾਜ ਸਿਰਜਣਾ ਚਾਹੁੰਦਾ ਹਾਂ ਤਾਂ ਸਭ ਤੋਂ ਪਹਿਲਾਂ ਸਾਨੂੰ ਖ਼ੁਦ ਜਿੰਮੇਵਾਰ ਨਾਗਰਿਕ ਬਣਨ ਦਾ ਉਪਰਾਲਾ ਕਰਨਾ ਪਵੇਗਾ। ਇਹਨਾਂ ਬੋਲਾਂ ਦਾ ਪ੍ਰਗਟਾਵਾ ਅੱਜ ਪੁੱਠੇ ਰਾਹ ਪੰਜਾਬੀ ਸ਼ਾਰਟ ਫ਼ਿਲਮ ਦਾ ਪੋਸਟਰ ਰਿਲੀਜ਼ ਕਰਨ ਮੌਕੇ ਮਾਨਯੋਗ ਸੰਜੀਵ ਕੁਮਾਰ ਡੀ.ਐੱਸ.ਪੀ. ਕੋਟਕਪੂਰਾ, ਗੁਰਿੰਦਰ ਸਿੰਘ ਮਹਿੰਦੀਰੱਤਾ, ਮੇਜਰ ਸਿੰਘ ਚੰਡੀਗੜ੍ਹ ਟੇਲਰਜ਼ ਵੱਲੋਂ ਸਾਂਝੇ ਤੌਰ ’ਤੇ ਆਖੇ ਗਏ। ਉਹਨਾਂ ਨੇ ਪੁੱਠੇ ਰਾਹ ਸ਼ਾਰਟ ਫ਼ਿਲਮ ਦੇਖਣ ਉਪਰੰਤ ਫ਼ਿਲਮ ਦੇ ਪਾਤਰਾਂ ਨੂੰ ਜਿਥੇ ਵਧਾਈ ਦਿੱਤੀ, ਉਥੇ ਹੀ ਮਾਣ ਨਾਲ ਆਖਦਿਆਂ ਕਿਹਾ ਕਿ ਇਹ ਸ਼ਾਰਟ ਫ਼ਿਲਮ ਸਮਾਜ ਨੂੰ



ਜ਼ਰੂਰ ਸੇਧ ਦੇਵੇਗੀ। ਜ਼ਿਕਰਯੋਗ ਹੈ ਕਿ ਪਿਛਲੇ ਕਈ ਸਾਲਾਂ ਅਤੇ ਤਰਸੇਮ ਮੱਤਾ ਤੋਂ ਰਬਾਬ ਸਿੰਘ ਵੱਲੋਂ ਸਾਂਝੇ ਤੌਰ ’ਤੇ ਸਮਾਜ ਵਿੱਚ ਵਾਪਰ ਰਹੀਆਂ ਮਾੜੀਆਂ ਕੁਰੀਤੀਆਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨ ਲਈ ਸ਼ਾਰਟ ਫ਼ਿਲਮਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਰਬਾਬ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸ਼ਾਰਟ ਫ਼ਿਲਮ ਮਿਤੀ 30 ਨਵੰਬਰ ਨੂੰ ਸ਼ਾਮ 6:00 ਵਜੇ ਰਬਾਬ ਸਿੰਘ ਫੇਸਬੁੱਕ ’ਤੇ ਰਿਲੀਜ਼ ਕੀਤੀ ਜਾ ਰਹੀ ਹੈ। ਇਸ ਫ਼ਿਲਮ ਵਿੱਚ ਮੁੱਖ ਤੌਰ ’ਤੇ ਤਰਸੇਮ ਮੱਤਾ, ਰਬਾਬ ਸਿੰਘ, ਗੁਰਪ੍ਰੀਤ ਸਿੰਘ ਕਮੋਂ, ਪੰਮਾ ਸ਼ਾਇਰ, ਮਨਜਿੰਦਰ ਸਿੰਘ, ਨਵਦੀਪ ਸਿੰਘ ਅਤੇ ਗੁਰਜੀਤ ਸਿੰਘ ਨੇ ਆਪਣੀ ਅਦਾਕਾਰੀ ਕੀਤੀ ਹੈ। ਫ਼ਿਲਮ ਦੀ ਕਹਾਣੀ, ਡਾਇਲਾਗ ਅਤੇ ਫ਼ਿਲਮਾਕਣ ਗੁਰਪ੍ਰੀਤ ਸਿੰਘ ਕਮੋਂ ਅਤੇ ਤਰਸੇਮ ਮੱਤਾ ਵੱਲੋਂ ਸਾਂਝੇ ਤੌਰ ’ਤੇ ਕੀਤਾ ਗਿਆ ਹੈ। ਇਸ ਮੌਕੇ ਉਚੇਚੇ ਤੌਰ ’ਤੇ ਪਹੁੰਚੇ ਸੀਨੀਅਰ ਪੱਤਰਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਗੁਰਪ੍ਰੀਤ ਸਿੰਘ ਕਮੋਂ ਅਤੇ ਤਰਸੇਮ ਮੱਤਾ ਵੱਲੋਂ ਸਮਾਜ ਪ੍ਰਤੀ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਪੰਜਾਬੀ ਸ਼ਾਰਟ ਫ਼ਿਲਮ ਪੁੱਠੇ ਰਾਹ ਨੂੰ ਜ਼ਰੂਰ ਦੇਖਣ।

## ਮੁਲਾਜ਼ਮਾ ਦੇ ਡੀ.ਏ.ਦੀਆਂ ਬਕਾਇਆ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ : 29 ਨਵੰਬਰ : ਜਿਲ੍ਹਾ ਲੋਕ ਸੰਪਰਕ ਦਫ਼ਤਰ ਪਟਿਆਲਾ ਦੇ ਸੇਵਾ ਮੁਕਤ ਮੁਲਜ਼ਮਾ ਦੀ ਵੈਲਫ਼ੇਅਰ ਐਸੋਸੀਏਸ਼ਨ ਦੀ ਮਾਸਕ ਮੀਟਿੰਗ ਅੱਜ ਮੀਡੀਆ ਕਲੱਬ ਵਿੱਚ ਹੋਈ। ਇਸ ਮੀਟਿੰਗ ਵਿੱਚ ਪੰਜਾਬ ਸਰਕਾਰ ਨੂੰ ਸੇਵਾ ਮੁਕਤ ਮੁਲਾਜ਼ਮਾ ਦੇ ਡੀ.ਏ.ਦੇ ਬਕਾਇਆ ਤੁਰੰਤ ਜ਼ਾਰੀ ਕਰਨ ਦੀ ਅਪੀਲ ਕੀਤੀ ਗਈ ਹੈ। ਵੈਲਫ਼ੇਅਰ ਐਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਸੈਣੀ ਨੇ ਅੱਗੋਂ ਕਿਹਾ ਕਿ ਪੰਜਾਬ ਸਰਕਾਰ ਆਪਣੇ ਮੁਲਾਜ਼ਮਾ ਨਾਲ ਡੀ.ਏ.ਨਾ ਦੇ ਕੇ ਮਤ੍ਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਪੰਜਾਬ ਵਿੱਚ ਕੰਮ ਕਰਨ ਵਾਲੇ ਆਈ.ਏ.ਐਸ., ਆਈ.ਪੀ.ਐਸ.ਅਤੇ ਜੁਡੀਸ਼ਲ ਅਧਿਕਾਰੀਆਂ ਨੂੰ ਕੇਂਦਰੀ ਪੈਟਰਨ ‘ਤੇ ਡੀ.ਏ.ਦੀਆਂ ਪੂਰੀਆਂ ਕਿਸ਼ਤਾਂ ਦਿੱਤੀਆਂ ਜਾ ਰਹੀਆਂ ਹਨ। ਪੰਜਾਬ ਦੇ ਮੁਲਾਜ਼ਮਾ ਨੂੰ ਜਦੋਂ ਹੋਰ ਸਾਰੀਆਂ ਸਹੂਲਤਾਂ ਉਪਰੋਕਤ ਅਧਿਕਾਰੀਆਂ ਦੇ ਬਰਾਬਰ ਦਿੱਤੀਆਂ ਜਾ ਰਹੀਆਂ ਹਨ ਤਾਂ ਡੀ.ਏ.ਦੇਣ ਵਿੱਚ ਕਿਉਂ ਬੇਇਨਸਾਫ਼ੀ ਕੀਤੀ ਜਾ ਰਹੀ ਹੈ? ਪੰਜਾਬ ਦੇ ਮੁਲਾਜ਼ਮਾ ਨੂੰ ਵੀ ਉਨ੍ਹਾਂ ਦੇ ਬਰਾਬਰ ਸਹੂਲਤਾਂ ਮਿਲਣੀਆਂ ਚਾਹੀਦੀਆਂ ਹਨ। ਡੀ.ਏ ਦੀਆਂ ਕਿਸ਼ਤਾਂ ਨਾ ਦੇਣਾਂ ਉਨ੍ਹਾਂ ਦੇ ਜਮਹੂਰੀ ਹੱਕ ‘ਤੇ ਡਾਕਾ ਮਾਰਨ ਦੇ ਬਰਾਬਰ ਹੈ। ਜੇਕਰ ਪੰਜਾਬ ਸਰਕਾਰ ਨੇ ਇਹ ਡੀ.ਏ ਦੀਆਂ ਕਿਸ਼ਤਾਂ ਨਾ ਜ਼ਾਰੀ ਕੀਤੀਆਂ ਤਾਂ ਪੰਜਾਬ ਦੇ ਸੇਵਾ ਮੁਕਤ ਮੁਲਾਜ਼ਮਾ ਦੇ ਨਾਲ ਰਲਕੇ ਧਰਨੇ ਦਿੱਤੇ ਜਾਣਗੇ। ਮੀਟਿੰਗ ਵਿੱਚ ਸਰਕਾਰ ਨੂੰ ਫਾਲਤੂ ਖ਼ਰਚਿਆਂ ਤੇ ਕਾਬੂ ਪਾਉਣ ਲਈ ਕਿਹਾ ਗਿਆ। ਇਸ ਮੀਟਿੰਗ ਵਿੱਚ ਸੁਰਜੀਤ ਸਿੰਘ ਦੁਖੀ, ਕੁਲਜੀਤ ਸਿੰਘ ਅਤੇ ਜੈ ਕ੍ਰਿਸ਼ਨ ਕੈਸ਼ਿਯਪ ਦੇ ਜਨਮ ਦਿਨ ਕੇਕ ਕੱਟਕੇ ਮਨਾਏ ਗਏ ਅਤੇ ਉਨ੍ਹਾਂ ਦੀ ਤੰਦਰੁਸਤੀ ਅਤੇ ਖ਼ੁਸ਼ਹਾਲ ਲੰਬੀ ਜ਼ਿੰਦਗੀ ਦੀ ਕਾਮਨਾ ਕੀਤੀ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਗੁਰਪ੍ਰਤਾਪ ਸਿੰਘ ਜੀ.ਪੀ.ਨੇ ਕੀਤੀ, ਉਨ੍ਹਾਂ ਆਪਣੀ ਨੌਕਰੀ ਦੌਰਾਨ ਜ਼ਿੰਦਗੀ ਸੰਬੰਧੀ ਖੱਟੇ ਮਿੱਠੇ ਤਰਜਰਬੇ ਸਾਂਝੇ ਕੀਤੇ। ਮੀਟਿੰਗ ਵਿੱਚ ਉਜਾਗਰ ਸਿੰਘ, ਸੁਰਜੀਤ ਸਿੰਘ ਦੁਖੀ, ਸੁਰਜੀਤ ਸਿੰਘ ਸੈਣੀ, ਕੁਲਜੀਤ ਸਿੰਘ, ਪਰਮਜੀਤ ਕੌਰ ਸੋਢੀ, ਅਸ਼ੋਕ ਕੁਮਾਰ ਸ਼ਰਮਾ, ਸ਼ਾਮ ਸੁੰਦਰ, ਜੀ.ਆਰ.ਕੁਮਰਾ, ਗੁਰਪ੍ਰਤਾਪ ਸਿੰਘ ਜੀ.ਪੀ.ਅਤੇ ਨਵਲ ਕਿਸ਼ੋਰ ਸ਼ਾਮਲ ਹੋਏ।

ਤਸਵੀਰ: ਮੀਟਿੰਗ ਵਿੱਚ ਸ਼ਾਮਲ ਮੁਲਜ਼ਮਾ ਦੀ ਤਸਵੀਰ

## ਪੰਜਾਬ ਦੇ ਕਈ ਸਰਕਾਰੀ ਸੀਨੀ. ਸੈਕੰ. ਸਕੂਲ ਪ੍ਰਿੰਸੀਪਲਾਂ ਅਤੇ ਕਈ ਹਾਈ ਸਕੂਲ ਮੁੱਖ ਅਧਿਆਪਕਾਂ ਤੋਂ ਸਖਣੇ

### ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਦੇ ਦਾਅਵੇ ਹੋਏ ਖੋਖਲੇ

### ਸਰਕਾਰੀ ਸਕੂਲਾਂ ’ਚ ਸਾਰੀਆਂ ਖਾਲੀ ਅਸਾਮੀਆਂ ਤੁਰਤ ਭਰਨ ਦੀ ਕੀਤੀ ਮੰਗ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 29 ਨਵੰਬਰ : ਪੰਜਾਬ ਦੇ ਬਹੁਤ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਪ੍ਰਿੰਸੀਪਲਾਂ ਦੀਆਂ ਆਸਾਮੀਆਂ ਅਤੇ ਬਹੁਤ ਸਾਰੇ ਸਰਕਾਰੀ ਹਾਈ ਸਕੂਲਾਂ ਵਿੱਚ ਮੁੱਖ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹੋਣ ਕਰਕੇ ਜਿੱਥੇ ਸਰਕਾਰੀ ਕੰਮ ਕਾਜ ਪ੍ਰਭਾਵਿਤ ਹੋ ਰਿਹਾ ਹੈ, ਇਸ ਦੇ ਨਾਲ ਹੀ ਹੋਰਨਾਂ ਸਕੂਲਾਂ ਵਿੱਚ ਮੌਜੂਦ ਪ੍ਰਿੰਸੀਪਲ ਅਤੇ ਮੁੱਖ ਅਧਿਆਪਕ ਹਰ ਰੋਜ਼ ਪ੍ਰੇਸ਼ਾਨ ਵੀ ਹੈ ਰਹੇ ਹਨ ਅਤੇ ਵਿਦਿਆਰਥੀਆਂ ਦੀ ਪੜ੍ਹਾਈ ਵੀ ਬਹੁਤ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀ ਹੈ। ਇਸ ਤੋਂ ਇਲਾਵਾ ਪੰਜਾਬ



ਵਿੱਚ ਪਿਛਲੇ ਚਾਰ ਸਾਲਾਂ ਤੋਂ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਪੰਜਾਬ ਵਿੱਚ ਸਿੱਖਿਆ ਕ੍ਰਾਂਤੀ ਲਿਆਉਣ ਦੇ ਦਾਅਵੇ ਵੀ ਖੋਖਲੇ ਸਾਬਿਤ ਹੁੰਦੇ ਦਿਖਾਈ ਦੇ ਰਹੇ ਹਨ। ਇਸ ਸਬੰਧ ਵਿੱਚ ਗੌਰਮਿੰਟ ਸਕੂਲ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਰਿੰਦਰ ਕੁਮਾਰ ਪੁਆਰੀ, ਕਾਰਜਕਾਰੀ ਜਨਰਲ ਸਕੱਤਰ ਜਿੰਦਰ ਪਾਇਲਟ , ਪ੍ਰੈਸ ਸਕੱਤਰ ਟਹਿਲ ਸਿੰਘ ਸਰਾਭਾ ਅਤੇ ਸੂਬਾ ਸਲਾਹਕਾਰ ਪ੍ਰੇਮ ਚਾਵਲਾ ਨੇ ਕਿਹਾ ਹੈ ਕਿ ਸਕੂਲ ਮੁਖੀਆਂ ਦੀਆਂ ਅਸਾਮੀਆਂ ਖਾਲੀ ਹੋਣ ਕਾਰਨ ਜਿੱਥੇ ਸਕੂਲ ਦਾ ਪ੍ਰਬੰਧ ਅਤੇ ਸਰਕਾਰੀ ਡਾਕਾਂ ਸਬੰਧੀ ਕਈ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਉੱਥੇ ਨਾਲ ਹੀ ਸੀਨੀਅਰ ਇਨਚਾਰਜ ਅਧਿਆਪਕਾਂ ਨੂੰ ਵੀ ਆਪਣੇ ਪੜ੍ਹਾਈ ਦੇ ਪੀਰੀਅਡਾਂ ਦੇ ਨਾਲ ਨਾਲ ਗੈਰ ਵਿਦਿਅਕ ਕੰਮਾਂ ਵਿੱਚ ਵੀ ਆਪਣਾ ਸਮਾਂ ਲਾਉਣਾ ਪੈਂਦਾ ਹੈ। ਜਿਸ ਨਾਲ ਵਿਦਿਆਰਥੀਆਂ ਦੀ ਪੜ੍ਹਾਈ ਉੱਪਰ ਵੀ ਮਾੜਾ ਅਸਰ ਪੈਂਦਾ ਹੈ। ਜਥੇਬੰਦੀ ਨੇ ਸਿੱਖਿਆ ਮੰਤਰੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਸਕੂਲ ਪ੍ਰਿੰਸੀਪਲਾਂ ਤੇ ਮੁੱਖ ਅਧਿਆਪਕਾਂ ਦੀਆਂ ਪ੍ਰਮੋਸ਼ਨ ਕੋਟੇ ਦੀਆਂ ਅਸਾਮੀਆਂ ਜਲਦੀ ਤੋਂ ਜਲਦੀ ਯੋਗ ਅਧਿਆਪਕਾਂ ਦੀ ਪ੍ਰਮੋਸ਼ਨ ਕਰਕੇ ਭਰੀਆਂ ਜਾਣ ਤੇ ਇਸ ਤੋਂ ਇਲਾਵਾ ਸਿੱਧੀ ਭਰਤੀ ਦੀਆਂ ਬਣਦੀਆਂ ਅਸਾਮੀਆਂ ਵੀ ਸਿੱਧੀ ਭਰਤੀ ਰਾਹੀਂ ਭਰੀਆਂ ਜਾਣ। ਜੇਕਰ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਦਾ ਅਸਲ ਸੁਧਾਰ ਕਰਨਾ ਚਾਹੁੰਦੀ ਹੈ ਤਾਂ ਤੁਰੰਤ ਡੰਗ ਟਪਾਉਣ ਦੀ ਨੀਤੀ ਛੱਡ ਕੇ ਸਾਰੀਆਂ ਖਾਲੀ ਅਸਾਮੀਆਂ ਤੁਰੰਤ ਭਰੀਆਂ ਜਾਣ।

## ਡਾ. ਦੇਵਿੰਦਰ ਸੈਫ਼ੀ ਨੂੰ ਮਿਲਿਆ ਪ੍ਰਿੰਸੀਪਲ ਨਿਰਮਲ ਸਿੰਘ ਭੰਗੂ ਯਾਦਗਾਰੀ ਗਿਆਨ ਸਾਹਿਤ ਪੁਰਸਕਾਰ

### ਸੰਤ ਬਾਬਾ ਬੁੱਢਾ ਸਿੰਘ ਵਿੱਦਿਅਕ ਸੰਸਥਾ, ਮਜੀਠਾ ਦੇ ਵਿਹੜੇ ਹੋਇਆ ਵਿਸ਼ੇਸ਼ ਸਾਹਿਤਕ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 29 ਨਵੰਬਰ : ਉੱਘੇ ਸਿੱਖਿਆ ਸ਼ਾਸਤਰੀ ਅਤੇ ਵਾਰਤਕਕਾਰ ਪ੍ਰਿੰਸੀਪਲ ਨਿਰਮਲ ਸਿੰਘ ਭੰਗੂ (ਨੈਸ਼ਨਲ ਅਵਾਰਡੀ) ਦੀ ਯਾਦ ਵਿੱਚ ਗਿਆਨ-ਸਾਹਿਤ ਪੁਰਸਕਾਰ ਇਸ ਵਾਰ ਡਾ. ਦੇਵਿੰਦਰ ਸੈਫ਼ੀ ਦੇ ਹਿੱਸੇ ਆਇਆ ਹੈ। ਇਹ ਪੁਰਸਕਾਰ ਨਿਰਮਲ ਸਿੰਘ ਭੰਗੂ ਮੈਮੋਰੀਅਲ ਐਜੂਕੇਸ਼ਨਲ ਸਪੋਰਟਸ ਕਲਚਰਲ ਐਂਡ ਵੈਲਫ਼ੇਅਰ ਸੁਸਾਇਟੀ, ਸ਼ੰਗਾਰਾ ਸਿੰਘ ਐਜੂਕੇਸ਼ਨਲ ਚੈਰੀਟੇਬਲ ਸੁਸਾਇਟੀ ਮਜੀਠਾ ਅਤੇ ਸਾਂਝੀਵਾਲਤਾ ਸਾਹਿਤ ਸਭਾ ਮਜੀਠਾ ਵੱਲੋਂ ਸਾਂਝੇ ਤੌਰ ’ਤੇ ਪ੍ਰਦਾਨ ਕੀਤਾ ਗਿਆ। ਇਸ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਸਰਪ੍ਰਸਤ ਸ਼੍ਰੀਮਤੀ ਬਲਵਿੰਦਰ ਕੌਰ ਭੰਗੂ, ਅਹੁਦੇਦਾਰਾਂ ਨਵਜੋਤ ਸਿੰਘ ਭੰਗੂ ਅਤੇ ਕੁਲਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ ਇਹ ਪੁਰਸਕਾਰ ਹਰ ਸਾਲ ਸੰਤ ਬਾਬਾ ਬੁੱਢਾ ਪਬਲਿਕ ਸੀਨੀ: ਸੈਕੰ: ਸਕੂਲ ਮਜੀਠਾ ਦੇ ਸਥਾਪਨਾ ਦਿਵਸ ਵੇਲੇ ਦਿੱਤਾ ਜਾਂਦਾ ਹੈ। ਇਸ ਦਿਵਸ ਉੱਪਰ ਗੁਰੂ ਤੇਗ ਬਹਾਦਰ ਜੀ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਜੀ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਅਤੇ ਗੋਸ਼ਟੀ ਦਾ ਪ੍ਰਬੰਧ ਵੀ ਕੀਤਾ ਗਿਆ, ਜਿਸ ਵਿੱਚ ਵਿਸ਼ੇਸ਼ ਬੁੱਧੀਜੀਵੀਆਂ, ਸ਼ਾਇਰਾਂ ਅਤੇ ਸਿੱਖਿਆ ਸ਼ਾਸਤਰੀਆਂ ਨੇ ਭਾਗ ਲਿਆ। ਇਸ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਪਹੁੰਚੇ ਬਾਬਾ ਆਇਆ ਸਿੰਘ ਰਿਆੜਕੀ ਕਾਲਜ ਦੇ ਡਾਇਰੈਕਟਰ ਤੇ ਪ੍ਰਿੰਸੀਪਲ ਨੇ ਸਿੱਖਿਆ ਅਤੇ ਸਾਹਿਤ ਬਾਰੇ ਕ੍ਰਾਂਤੀਕਾਰੀ ਵਿਚਾਰ ਪ੍ਰਗਟ ਕੀਤੇ। ਉਹਨਾਂ ਵੱਲੋਂ ਹਰ ਭਾਗੀਦਾਰ ਕਵੀ ਦਾ ਵਿਸ਼ੇਸ਼ ਰਾਸ਼ੀ ਨਾਲ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਭੁਪਿੰਦਰ ਸਿੰਘ ਸੰਧੂ, ਕੁਲਦੀਪ ਕਾਹਲੋਂ ਨੇ ਪ੍ਰਿੰਸੀਪਲ ਭੰਗੂ ਦੀ ਮਹਾਨ ਸ਼ਖ਼ਸੀਅਤ, ਡਾ. ਸੈਫ਼ੀ ਦੁਆਰਾ ਗਿਆਨ-ਸਾਹਿਤ ਅਤੇ ਸਿੱਖਿਆ ਖੇਤਰ ਵਿੱਚ ਪਾਏ ਯੋਗਦਾਨ ਅਤੇ ਮਜੀਠੇ ਇਲਾਕੇ ਦੀ ਇਤਿਹਾਸਕ ਪੱਖੋਂ ਗੌਰਵਸ਼ਾਲੀ ਦੇਣ ਬਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਇਸ ਪੁਰਸਕਾਰ ਦੀ ਪ੍ਰਾਪਤੀ ਉੱਤੇ ਮੋਰਾਂਵਾਲੀ ਦੇ ਸਰਪੰਚ ਸਰਬਜੀਤ ਸਿੰਘ, ਪੰਚਾਇਤ ਮੈਂਬਰਾਂ, ਪ੍ਰਿੰਸੀਪਲ ਵਰਿੰਦਰ ਸਲਹੋਤਰਾ, ਰਾਮ ਮੁਹੰਮਦ ਅਜ਼ਾਦ ਸੁਸਾਇਟੀ ਦੇ ਅਹੁਦੇਦਾਰਾਂ, ਗੁੱਡ ਮੌਰਨਿੰਗ ਕਲੱਬ, ਕੋਟਕਪੂਰਾ ਵੱਲੋਂ ਪ੍ਰੋ. ਪਦਮ, ਗੁਰਿੰਦਰ ਸਿੰਘ ਮਹਿੰਦੀਰੱਤਾ, ਮੇਜਰ ਅਜਾਇਬ ਸਿੰਘ ਸੰਸਥਾ ਦੇ ਡਾਇਰੈਕਟਰ ਸੁਖਚੈਨ ਸਿੰਘ ਬਰਾੜ, ਬਾਬਾ ਫ਼ਰੀਦ ਨਰਸਿੰਗ ਕਾਲਜ ਦੇ ਡਾਇਰੈਕਟਰ ਮਨਜੀਤ ਸਿੰਘ ਅਤੇ ਵੱਖ-ਵੱਖ ਸਾਹਿਤਕ ਹਸਤੀਆਂ ਦੁਆਰਾ ਡਾ. ਸੈਫ਼ੀ ਨੂੰ ਵਿਸ਼ੇਸ਼ ਮੁਬਾਰਕਬਾਦ ਦਿੰਦਿਆਂ ਖ਼ੁਸ਼ੀ ਪ੍ਰਗਟ ਕੀਤੀ ਗਈ।



ਵਰਲਡ ਪੰਜਾਬੀ ਟਾਈਮਜ਼ 29 ਨਵੰਬਰ 2025 ਦਿਨ ਸ਼ਨੀਵਾਰ

## ਕੰਧ ਸਰਹੰਦ ਵਾਲੀ







ਦਸਮ ਪਿਤਾ ਦੇ ਸੀ ਜੋ ਲਾਲ ਦੁਲਾਰੇ
ਦੋ ਚਮਕੌਰ ਜੰਗ ਤੇ ਦੋ ਨੀਹਾਂ ਖਿਲਾਰੇ।

ਗੜ੍ਹੀ ਚਮਕੌਰ ਵਾਲੀ ਵੈਰੀ ਥੱਕ ਹਾਰੇ
ਲੱਖ ਫੌਜਾਂ ਤੇ ਗੁਰਫਰਜ਼ੰਦ ਪੈ ਗਏ ਭਾਰੇ।।

ਬਾਬਾ ਅਜੀਤ ਸਿੰਘ ਵਿੱਚ ਰਣ ਅੜ ਗਏ
ਡਾਹਢੇ ਮੁਗ਼ਲ ਜਰਨੈਲਾਂ ਸੰਗ ਲੜ ਗਏ।

ਕਈਆਂ ਨੂੰ ਤਾਂ ਨਾਲ ਪਾਰ ਬੁਲਾ ਗਏ
ਨਿਸ਼ਾਨ ਖ਼ਾਲਸੇ ਦੇ ਅੰਬਰੀਂ ਝੁਲਾ ਗਏ।।

ਬਾਜ਼ਾ ਵਾਲੇ ਤੋਂ ਲੈ ਥਾਪੜਾ ਗਏ ਸੀ ਚਾਵਾਂ
ਮੌਤ ਬਣਾ ਲਾੜੀ ਰਣ ਵਿੱਚ ਲਈਆਂ ਲਾਵਾਂ।

ਵੱਡੇ ਹੋਏ ਸ਼ਹੀਦ ਛੋਟੇ ਲਾਇਆ ਜੈਕਾਰਾ
ਸੁਣ ਹਿੱਲਿਆ ਮੁਗ਼ਲ ਸਾਮਰਾਜ ਸਾਰਾ।।

ਬਾਬਾ ਜੁਝਾਰ ਸਿੰਘ ਝੱਖੜ ਬਣ ਆ ਗਏ
ਵੱਡੇ ਵੱਡੇ ਮੁਗਲਾਂ ਦੇ ਸੱਥਰ ਵਿਛਾ ਗਏ।

ਉਮਰ ਸੀ ਕੱਚੀ ਫੋਜ਼ ਪੱਕੀ ਪਾਏ ਘੇਰੇ
ਦੁਸ਼ਮਣ ਸੀ ਆਣ ਖਲੋਤੇ ਚਾਰ ਚੁਫੇਰੇ।।

ਬਾਬਾ ਜੀ ਦੁਸ਼ਮਣਾਂ ਦੇ ਆਹੂ ਲਾ ਗਏ
ਲੜ ਦਲੇਰੀ ਅੰਤ ਫ਼ਤਿਹ ਬੁਲਾ ਗਏ।

ਗੁਰੂਜੀ ਫਰਜ਼ੰਦ ਕੌਮ ਦੇ ਲੇਖੇ ਲਾ ਗਏ
ਪਿਤਾ ਹਿੰਦ ਤੋਂ ਵਾਰ ਰੀਤ ਚਲਾ ਗਏ।।

ਗੰਗੂ ਵਰਗੇ ਵੀ ਛੁਰਾ ਪਿੱਠ ਮਾਰਿਆ
ਮੋਹਰਾਂ ਖਾਤਿਰ ਕੁੰਜ ਸੱਪ ਦਾ ਉਤਾਰਿਆ।

ਮੁਖ਼ਬਰੀ ਸਦਕਾ ਮਾਤਾ ਜੀ ਨੂੰ ਫੜਾ ਦਿੱਤਾ
ਲਖ਼ਤੇ ਜ਼ਿਗਰਾਂ ਨੂੰ ਕਚਹਿਰੀ ਖੜਾ ਦਿੱਤਾ।

ਕਈ ਸੁੱਚੇ ਨੰਦਾਂ,ਕਾਜ਼ੀਆਂ ਤੇ ਵਜ਼ੀਰ ਖਾਨਾਂ
ਜ਼ਾਲਮ ਹਕੂਮਤ ਦੀ ਤਰਜ਼ਮਾਨੀ ਹੀ ਸ਼ਾਨਾ।।

ਝੂਠੇ ਵਜ਼ੀਰ ਫਤਵਾਂ ਨੀਹਾਂ ਦਾ ਸੁਣਾ ਦਿੱਤਾ
ਅਧਰਮੀਆਂ ਚ ਨਾਂ ਆਪਣਾ ਖੁਣਾ ਦਿੱਤਾ।

ਨੀਹਾਂ ਸਿੱਧੀਆਂ ਖੜ੍ਹਨ ਚੱਪਣੀਆਂ ਵੱਢਤੀਆਂ
ਸ਼ਾਸ਼ਲ ਬੇਗ ਬਾਸ਼ਲ ਬੇਗ ਰੂਹਾਂ ਕੱਢਤੀਆਂ।।

ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਸ਼ਹਾਦਤ ਪਾ ਗਏ
ਠੰਡੇ ਬੁਰਜ ਮਾਤਾ ਗੁਜਰ ਕੌਰ ਜੋਤੀ ਜੋਤ ਸਮਾ ਗਏ।

ਸੰਗਤੋ ਸ਼ਹੀਦੀ ਜੋੜ ਮੇਲੇ ਸਰਹੰਦ ਜ਼ਰੂਰ ਆਇਓ
ਪਰ ਸ਼ਹਾਦਤਾਂ ਦੇ ਦਿਨ ਖੁਸ਼ੀ ਨਾ ਕੋਈ ਮਨਾਇਓ।।

## ਬਨਾਰਸ ਨੂੰ ਵਾਰਾਣਸੀ ਕਿਉਂ ਕਿਹਾ ਜਾਂਦਾ ਹੈ?~






ਜਦੋਂ ਤੋਂ ਐਸਐਸ ਰਾਜਾਮੌਲੀ ਦੀ ਆਉਣ ਵਾਲੀ ਫਿਲਮ 'ਵਾਰਾਣਸੀ' ਸੁਰਖੀਆਂ ਵਿੱਚ ਆਈ ਹੈ, ਉਦੋਂ ਤੋਂ ਇਹ ਸ਼ਹਿਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮਹੇਸ਼ ਬਾਬੂ ਅਤੇ ਪ੍ਰਿਯੰਕਾ ਚੋਪੜਾ 'ਵਾਰਾਣਸੀ' ਫਿਲਮ ਵਿੱਚ ਮੁੱਖ ਭੂਮਿਕਾ ਵਿੱਚ ਨਜ਼ਰ ਆਉਣਗੇ। ਇਸ ਫਿਲਮ ਦੇ ਚਰਚਿਤ ਹੁੰਦਿਆਂ ਹੀ, ਲੋਕਾਂ ਵਿੱਚ ਇਹ ਜਾਣਨ ਦੀ ਉਤਸੁਕਤਾ ਵਧ ਗਈ ਹੈ ਕਿ ਇਸ ਸ਼ਹਿਰ ਦੀ ਕੀ ਖਾਸੀਅਤ ਹੈ ਅਤੇ ਵਾਰਾਣਸੀ ਨਾਮ ਦਾ ਕੀ ਅਰਥ ਹੈ।

ਆਓ, ਅੱਜ ਇਸ ਸ਼ਹਿਰ ਬਾਰੇ ਕੁਝ ਜਾਣਨ ਦੀ ਕੋਸ਼ਿਸ਼ ਕਰਦੇ ਹਾਂ : ਵਾਰਾਣਸੀ ਹਿੰਦੂ ਧਰਮ ਦੇ ਸਭ ਤੋਂ ਪਵਿੱਤਰ ਸ਼ਹਿਰਾਂ ਵਿੱਚੋਂ ਇੱਕ ਹੈ, ਜਿਸਨੂੰ ਮੁਕਤੀ ਦੀ ਨਗਰੀ ਅਤੇ ਭਗਵਾਨ ਸ਼ਿਵ ਦਾ ਨਿਵਾਸ-ਸਥਾਨ ਮੰਨਿਆ ਜਾਂਦਾ ਹੈ।



ਇਹ ਸ਼ਹਿਰ ਆਪਣੇ ਧਾਰਮਿਕ, ਸੱਭਿਆਚਾਰਕ ਅਤੇ ਅਧਿਆਤਮਿਕ ਮਹੱਤਵ ਲਈ ਮਸ਼ਹੂਰ ਹੈ। ਇਹ ਗੰਗਾ ਨਦੀ ਦੇ ਕੰਢੇ ਤੇ ਸਥਿਤ ਸਭ ਤੋਂ ਪਵਿੱਤਰ ਸ਼ਹਿਰਾਂ ਵਿੱਚੋਂ ਇੱਕ ਹੈ ਅਤੇ ਕਾਸ਼ੀ ਵਿਸ਼ਵਨਾਥ ਮੰਦਰ ਵਰਗੇ ਮਹੱਤਵਪੂਰਨ ਮੰਦਰਾਂ ਦਾ ਘਰ ਹੈ।

ਵਾਰਾਣਸੀ ਦਾ ਨਾਮ ਵਰੁਣਾ ਅਤੇ ਅਸੀ ਨਾਂ ਦੀਆਂ ਦੋ ਨਦੀਆਂ ਤੋਂ ਬਣਿਆ ਹੈ, ਜੋ ਇਸ ਸ਼ਹਿਰ ਦੇ ਉੱਤਰੀ ਅਤੇ ਦੱਖਣੀ ਪਾਸੇ ਵਗਦੀਆਂ ਹਨ। ਇਸ ਤਰ੍ਹਾਂ ਵਾਰਾਣਸੀ ਦਾ ਅਰਥ ਹੈ – ਦੋ ਨਦੀਆਂ ਵਰੁਣਾ ਅਤੇ ਅਸੀ ਦੇ ਵਿਚਕਾਰ ਦੀ ਜਗ੍ਹਾ। ਵਾਰਾਣਸੀ ਨੂੰ ਕਾਸ਼ੀ ਅਤੇ ਬਨਾਰਸ ਵੀ ਕਿਹਾ ਜਾਂਦਾ ਹੈ।

ਵਾਰਾਣਸੀ ਦਾ ਅਸਲ ਨਾਮ ਬਨਾਰਸ ਸੀ, ਜਿਸਨੂੰ 24 ਮਈ 1956 ਨੂੰ ਵਾਰਾਣਸੀ ਵਿੱਚ ਬਦਲ ਦਿੱਤਾ ਗਿਆ ਸੀ। ਹਾਲਾਂਕਿ ਇਹ ਸ਼ਹਿਰ ਅਜੇ ਵੀ ਕਾਸ਼ੀ ਜਾਂ ਬਨਾਰਸ ਦੇ ਨਾਵਾਂ ਨਾਲ ਜਾਣਿਆ ਜਾਂਦਾ ਹੈ। ਬਨਾਰਸ ਨਾਮ ਮੁਗਲਾਂ ਅਤੇ ਅੰਗਰੇਜ਼ਾਂ ਦੇ ਰਾਜ ਦੌਰਾਨ ਪ੍ਰਸਿੱਧ ਹੋਇਆ ਸੀ।

ਬਨਾਰਸ ਦਾ ਨਾਮ ਬਨਾਰ ਰਾਜਾ ਦੇ ਨਾਮ ਤੇ ਰੱਖਿਆ ਗਿਆ ਹੈ। ਇਹ ਮੰਨਿਆ ਜਾਂਦਾ ਹੈ ਕਿ ਬਨਾਰ ਰਾਜਾ ਮੁਹੰਮਦ ਗੌਰੀ ਦੇ ਹਮਲੇ ਵਿੱਚ ਮਾਰਿਆ ਗਿਆ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਮੁਗਲਾਂ ਨੇ ਸ਼ਹਿਰ ਦੀ ਰੰਗ-ਬਿਰੰਗੀ ਜੀਵਨ ਸ਼ੈਲੀ ਤੋਂ ਪ੍ਰੇਰਿਤ ਹੋ ਕੇ ਇਸ ਸ਼ਹਿਰ ਦਾ ਨਾਮ ਬਨਾਰਸ ਰੱਖਿਆ ਸੀ। ਧਾਰਮਕ ਵਿਸ਼ਵਾਸ ਇਹ ਵੀ ਹੈ ਕਿ ਵਾਰਾਣਸੀ ਵਿੱਚ ਮਰਨ ਨਾਲ ਮੁਕਤੀ ਮਿਲਦੀ ਹੈ।

'ਕਾਸ਼ੀ' ਨਾਮ ਸੰਸਕ੍ਰਿਤ ਸ਼ਬਦ "ਕਾਸ਼" ਤੋਂ ਬਣਿਆ ਹੈ, ਜਿਸਦਾ ਅਰਥ ਹੈ ਚਮਕਣਾ ਜਾਂ ਰੌਸ਼ਨੀ। ਇਸ ਤਰ੍ਹਾਂ ਕਾਸ਼ੀ ਦਾ ਅਰਥ ਹੈ – ਚਮਕਦੀ ਨਗਰੀ ਜਾਂ ਰੌਸ਼ਨੀ ਦਾ ਸ਼ਹਿਰ। ਇੱਕ ਪੌਰਾਣਿਕ ਕਥਾ ਅਨੁਸਾਰ ਇਹ ਨਾਮ ਰਾਜਾ ਕਾਸ਼ ਦੇ ਨਾਂ ਤੇ ਪਿਆ ਹੈ, ਜਿਸਨੇ ਇਸਦੀ ਸਥਾਪਨਾ ਕੀਤੀ ਸੀ।

## ਅਦਾਕਾਰ ਧਰਮਿੰਦਰ ਨੇ ਨਿਭਾਈ ਸੀ, ਇਸ ਨਕਸਲੀ ਮਿੱਤਰ ਨਛੱਤਰ ਸਿੰਘ ਨਾਲ ਸਾਰੀ ਉਮਰ ਯਾਰੀ।






ਦੋਸਤੋ ਹਰਮਨ ਪਿਆਰਾ ਫਿਲਮ ਅਦਾਕਾਰ ਤੇ ਪੰਜਾਬੀਆਂ ਦਾ ਬਾਈ ਧਰਮਿੰਦਰ ਸਦੀਵੀ ਵਿਛੋੜਾ ਦੇ ਗਿਆ ਪਰ ਉਹ ਆਖਰੀ ਸਾਹਾਂ ਤੱਕ ਆਪਣੀ ਪੇਂਡੂ ਰਹਿਤਲ ਤੇ ਰਿਸ਼ਤੇ ਨਾਤਿਆਂ ਨਾਲ ਜੁੜਿਆ ਰਿਹਾ ਸੀ।ਉਹ ਆਪਣੇ ਜੁਆਨੀ ਪਹਿਰੇ ਦੇ ਯਾਰਾਂ ਦੋਸਤਾਂ ਨਾਲ ਸਾਰੀ ਉਮਰ ਨਿਭਿਆ ਸੀ।

ਅਜਿਹਾ ਹੀ ਉਸ ਦਾ ਇੱਕ ਯਾਰ ਸੀ ਮਲੇਰਕੋਟਲਾ ਨੇੜੇ ਪਿੰਡ ਮਾਹਮਦਪੁਰ ਦਾ ਨਕਸਲੀ ਕਾਰਕੁੰਨ ਨਛੱਤਰ ਸਿੰਘ, ਜੋ ਸਾਰੀ ਉਮਰ ਅੰਡਰ ਗਰਾਊਂਡ ਰਿਹਾ ਤੇ ਜਿਸ ਨੇ ਆਖਰੀ ਸਾਹ ਵੀ ਧਰਮਿੰਦਰ ਦੇ ਖੰਡਾਲਾ ਵਾਲੇ ਫਾਰਮ 'ਤੇ ਉਸ ਦੇ ਹੱਥਾਂ ਵਿਚ ਲਏ ਸਨ।

ਧਰਮਿੰਦਰ ਅਤੇ ਨਛੱਤਰ ਸਿੰਘ ਦੀ ਯਾਰੀ ਉਸ ਵਕਤ ਪੱਕੀ ਹੋਈ ਸੀ,ਜਦ ਧਰਮਿੰਦਰ ਮਲੇਰਕੋਟਲੇ ਟਿਊਬਵੈੱਲ ਲਗਾਉਣ ਵਾਲੀ ਕੰਪਨੀ ਵਿਚ ਅਪਰੇਟਰ ਹੁੰਦਾ ਸੀ ਤੇ ਕਾਮਰੇਡ ਨਛੱਤਰ ਸਿੰਘ ਪਿੰਡ ਦਾ ਸਰਪੰਚ ਹੁੰਦਾ ਸੀ। ਇਲਾਕੇ ਵਿੱਚ ਉਸ ਦਾ ਨਾਂਅ ਸੀ।ਉਦੋਂ ਸਰਕਾਰ ਸਰਪੰਚਾਂ ਨੂੰ ਪਿੰਡਾਂ ਵਿੱਚ ਵੱਧ ਤੋਂ ਵੱਧ ਟਿਊਬਵੈੱਲ ਲਗਵਾਉਣ ਲਈ ਪ੍ਰੇਰਿਤ ਕਰਦੀ ਸੀ ਤੇ ਬਲਾਕ ਸੰਮਤੀ ਰਾਹੀਂ ਲੋਕਾਂ ਨੂੰ ਕਰਜ਼ਾ ਵੀ ਮਿਲਦਾ ਸੀ। ਮਾਹਮਦਪੁਰ ਪਿੰਡ ਅਤੇ ਇਸ ਇਲਾਕੇ ਵਿੱਚ ਟਿਊਬਵੈੱਲ ਲਗਾਉਣ ਸਮੇਂ ਧਰਮਿੰਦਰ ਦਾ ਡੇਰਾ ਕਾਮਰੇਡ ਨਛੱਤਰ ਸਿੰਘ ਦੇ ਘਰ ਹੀ ਹੁੰਦਾ ਸੀ। ਨਛੱਤਰ ਸਿੰਘ ਹੋਰੀਂ ਤਿੰਨ ਭਰਾ ਤੇ ਤਿੰਨ ਭੈਣਾਂ ਵਾਲਾ ਭਰਿਆ ਪੂਰਾ ਪਰਿਵਾਰ ਸੀ।

ਧਰਮਿੰਦਰ ਦੀ ਨਛੱਤਰ ਸਿੰਘ ਦੇ ਛੋਟੇ ਭਰਾਵਾਂ ਨਾਲ ਵੀ ਯਾਰੀ ਸੀ, ਆਥਣੇ ਇਕੱਠੇ ਘਰ ਦੀ ਕੱਢੀ ਦਾ ਪੈੱਗ ਵੀ ਲਗਾਉਂਦੇ ਸਨ। ਉਦੋਂ ਕਿਸੇ ਦੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਇੱਕ ਦਿਨ ਕਿਸਮਤ ਧਰਮਿੰਦਰ ਨੂੰ ਕਿਥੋਂ ਦਾ ਕਿੱਥੋਂ ਲੈ ਜਾਵੇਗੀ।ਜਦ ਧਰਮਿੰਦਰ ਨੇ 1957-58 ਵਿੱਚ ਬੰਬੇ ਜਾ ਕੇ ਫਿਲਮਾਂ ਵਿਚ ਕਿਸਮਤ ਅਜ਼ਮਾਉਣ ਦਾ ਫੈਸਲਾ ਕਰ ਲਿਆ ਤਾਂ ਕਾਮਰੇਡ ਨਛੱਤਰ ਸਿੰਘ ਨੇ ਉਸ ਨੂੰ ਪੰਜ ਸੌ ਰੁਪਈਆ ਪੱਲਿਉਂ ਦੇ ਕੇ ਤੋਰਿਆ ਸੀ।

ਉਧਰ ਫਿਲਮ ਲਾਈਨ ਵਿੱਚ ਧਰਮਿੰਦਰ ਦੀ ਗੁੱਡੀ ਚੜ੍ਹ ਗਈ ਤੇ ਉਸ ਵਕਤ ਹੀ ਦੇਸ਼ ਵਿੱਚ ਨਕਸਲਬਾੜੀ ਲਹਿਰ ਸ਼ੁਰੂ ਹੋ ਗਈ, ਜਿਸ ਤੋਂ ਪੰਜਾਬ ਵੀ ਅਛੂਤਾ ਨਾ ਰਹਿ ਸਕਿਆ। ਕਾਮਰੇਡ ਨਛੱਤਰ ਸਿੰਘ ਪਹਿਲਾਂ ਸੀ.ਪੀ.ਆਈ ਵਿਚ ਸੀ,1964 ਵਿਚ ਪਾਰਟੀ ਵਿਚ ਫੁੱਟ ਪੈਣ 'ਤੇ ਸੀ.ਪੀ.ਐਮ ਵਿਚ ਸ਼ਾਮਲ ਹੋ ਗਿਆ ।ਜਦ 1967 ਵਿਚ ਨਕਸਲਬਾੜੀ ਲਹਿਰ ਚੱਲੀ ਤਾਂ ਨਛੱਤਰ ਸਿੰਘ ਉਸ ਵਿੱਚ ਸ਼ਾਮਲ ਹੋ ਗਿਆ। ਫਰਵਰੀ 1969 ਨੂੰ ਨਛੱਤਰ ਸਿੰਘ ਦੇ ਘਰ ਨਕਸਲਬਾੜੀਆਂ ਦਾ ਤਿੰਨ ਰੋਜ਼ਾ ਵੱਡਾ ਇਕੱਠ ਹੋਇਆ, ਜਿਸ ਵਿਚ ਦੁਆਬੇ ਤੋਂ ਬਾਬਾ ਬੂਝਾ ਸਿੰਘ, ਗੰਧਰਵ ਸੈਨ, ਹਰਦਿਆਲ ਪੂਨੀ, ਸਰਬਜੀਤ ਦੁਸਾਂਝ, ਸੰਗਰੂਰ ਤੋਂ ਜਗਜੀਤ ਸਿੰਘ ਸੋਹਲ, ਪਰਮਾਨੰਦ ਭਸੌੜ, ਪਿਆਰਾ ਸਿੰਘ ਦੱਧਾਹੂਰ, ਜਮਾਂਦਾਰ ਪੂਰਨ ਸਿੰਘ ਦੱਧਾਹੂਰ, ਉਸ ਦੀ ਬੇਟੀ ਬੇਬੀ ਉਰਫ਼ ਬਲਦੇਵ ਕੌਰ (ਜੋ ਅਪਾਹਜ ਹੈ), ਗੁਰਦਿਆਲ ਸਿੰਘ ਸ਼ੇਰਪੁਰੀ, ਦਰਸ਼ਨ ਸਿੰਘ ਸ਼ੇਰਪੁਰੀ, ਉਜਾਗਰ ਸਿੰਘ ਮਾਹਮਦਪੁਰ, ਰੂਪ ਸਿੰਘ ਮਾਹਮਦਪੁਰ ਆਦਿ ਬਹੁਤ ਸਾਰੇ ਸਾਥੀ ਸ਼ਾਮਲ ਸਨ।

ਇਸ ਸਕੂਲ ਵਿੱਚ ਨਛੱਤਰ ਸਿੰਘ ਮਾਹਮਦਪੁਰ, ਉਜਾਗਰ ਸਿੰਘ ਮਾਹਮਦਪੁਰ, ਰੂਪ ਸਿੰਘ ਮਾਹਮਦਪੁਰ, ਗੁਰਦਿਆਲ ਸਿੰਘ ਸ਼ੇਰਪੁਰੀ ਤੇ ਦਰਸ਼ਨ ਸਿੰਘ ਸ਼ੇਰਪੁਰੀ ਪੰਜ ਜਣਿਆਂ ਨੇ ਪਾਰਟੀ ਵਿਚ ਕੁੱਲ ਵਕਤੀ ਤੁਰਨ ਦਾ ਫ਼ੈਸਲਾ ਕਰ ਲਿਆ। ਉਸ ਵਕਤ ਨਛੱਤਰ ਸਿੰਘ ਦੋ ਧੀਆਂ ਦਾ ਬਾਪ ਸੀ, ਪਰ ਲਹਿਰਾਂ ਦੀ ਖਿੱਚ ਬੜੀ ਜ਼ਬਰਦਸਤ ਹੁੰਦੀ ਹੈ ਕਿ ਇਹ ਸਾਰੇ ਸਿਰਾਂ 'ਤੇ ਖੱਫਣ ਬੰਨ੍ਹ ਕੇ ਘਰ ਪਰਵਾਰਾਂ ਤੇ ਬਾਲ ਬੱਚਿਆਂ ਦਾ ਮੋਹ ਤਿਆਗ ਕੇ ਇਨਕਲਾਬ ਕਰਨ ਲਈ ਨਿਕਲ ਤੁਰੇ ਸਨ। ਉਦੋਂ ਹੀ ਲੋਕ ਕਵੀ ਸੰਤ ਰਾਮ ਉਦਾਸੀ ਨੇ ਲਿਖਿਆ ਸੀ, 'ਪਿੰਡਾਂ ਵਿਚੋਂ ਤੁਰੇ ਹੋਏ ਪੁੱਤ ਨੀ ਬਹਾਦਰਾਂ ਦੇ ਤੇਰੇ ਮਹਿਲੀਂ ਵੜੇ ਕਿ ਵੜੇ।' ਉਸ ਵਕਤ ਸਟੇਟ ਨੇ ਜਬਰ ਜ਼ੁਲਮ ਦਾ ਕੁਹਾੜਾ ਤੇਜ਼ ਕਰ ਦਿੱਤਾ ,ਨਕਸਲੀਆਂ ਨੂੰ ਫੜ ਫੜ ਕੇ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਜਾਣ ਲੱਗਿਆ। ਪਰਵਾਰਾਂ 'ਤੇ ਤਸ਼ੱਦਦ ਸ਼ੁਰੂ ਹੋ ਗਿਆ। ਮਾਹਮਦਪੁਰ ਪਿੰਡ ਵਿੱਚ ਪਾਰਟੀ ਨੇ ਸੇਵਾ ਸਿੰਘ ਨਾਂ ਦੇ ਵਿਅਕਤੀ ਦਾ ਕਤਲ ਕਰ ਦਿੱਤਾ,ਜਿਸ ਕਾਰਨ ਅੰਡਰ ਗਰਾਊਂਡ ਤਿੰਨੇ ਨਕਸਲੀਆਂ ਦੇ ਪਰਵਾਰਾਂ ਅਤੇ ਪਿੰਡ ਦੇ ਹੋਰ ਲੋਕਾਂ 'ਤੇ ਅੰਤਾਂ ਦਾ ਤਸ਼ੱਦਦ ਹੋਇਆ।ਨਛੱਤਰ ਸਿੰਘ ਦੇ ਭਰਾਵਾਂ, ਪਤਨੀ ਮੁਖਤਿਆਰ ਕੌਰ, ਭਰਜਾਈ ਮਨਜੀਤ ਕੌਰ ਨੂੰ ਮਹੀਨਿਆਂ ਬੱਧੀ ਠਾਣਿਆਂ ਵਿਚ ਰੱਖਿਆ ਗਿਆ।

1972-73 ਵਿਚ ਨਕਸਲੀ ਪਾਰਟੀ ਵੀ ਸਟੇਟ ਜਬਰ ਅੱਗੇ ਟਿਕ ਨਾ ਸਕੀ, ਨਾਲ ਹੀ ਟੁੱਟ ਫੁੱਟ ਦਾ ਸ਼ਿਕਾਰ ਹੋ ਗਈ,ਕਈ ਗਰੁੱਪ ਬਣ ਗਏ।ਇਸ ਤਰ੍ਹਾਂ ਦੇ ਰੋਗੀ ਮਾਹੌਲ ਵਿੱਚ ਕਾਮਰੇਡ ਨਛੱਤਰ ਸਿੰਘ ਵਰਗੇ ਕਾਮਰੇਡਾਂ ਲਈ ਕੋਈ ਰਾਹ ਨਹੀਂ ਬਚਿਆ ਸੀ।

ਨਾ ਉਹ ਘਰ ਮੁੜ ਸਕਦੇ ਸਨ ਤੇ ਨਾ ਹੀ ਕਿਸੇ ਗਰੁੱਪ ਨਾਲ ਚੱਲ ਸਕਦੇ ਸਨ ਕਿਉਂਕਿ ਹਰ ਗਰੁੱਪ ਆਪਣੇ ਆਪ ਨੂੰ ਠੀਕ ਆਖਦਾ ਸੀ।ਇਸ ਤਰ੍ਹਾਂ ਕਾਮਰੇਡ ਨਛੱਤਰ ਘਰ ਮੁੜਨ ਦੀ ਬਜਾਏ ਇਕੱਲਾ ਹੀ ਭਟਕਦਾ ਰਿਹਾ। ਘਰ ਮੁੜਨ 'ਤੇ ਪੁਲਿਸ ਵੀ ਮਾਰ ਸਕਦੀ ਸੀ, ਬਾਕੀ ਲੋਕਾਂ ਦੀ ਨਮੋਸ਼ੀ, ਕਿਉਂ ਕਰ ਆਏ ਇਨਕਲਾਬ?

ਇਸ ਹਾਲਤ ਵਿੱਚ ਕਾਮਰੇਡ ਨਛੱਤਰ ਸਿੰਘ ਸਰਕਾਰ ਤੋਂ ਅੰਡਰ ਗਰਾਊਂਡ ਤਾਂ ਸੀ ਹੀ, ਉਹ ਪਾਰਟੀ ਵਿਚ ਵੀ ਅੰਡਰ ਗਰਾਊਂਡ ਹੋ ਗਿਆ। ਉਸ ਬਾਰੇ ਕਿਸੇ ਨੂੰ ਕੁਝ ਵੀ ਪਤਾ ਨਹੀਂ ਸੀ ਕਿ ਉਹ ਕਿੱਥੇ ਅਤੇ ਕਿੱਧਰ ਚਲਿਆ ਗਿਆ ਹੈ।

ਉਸ ਦੇ ਜਾਣਕਾਰ ਪਾਰਟੀ ਵਾਲਿਆਂ ਦੇ ਅੰਦਾਜ਼ੇ ਸਨ ਕਿ ਸ਼ਾਇਦ ਪੁਲਿਸ ਨੇ ਉਸ ਨੂੰ ਕਿਤੋਂ ਗ੍ਰਿਫਤਾਰ ਕਰ ਲਿਆ ਹੋਵੇਗਾ ਤੇ ਬਾਅਦ ਵਿਚ ਮਾਰ ਕੇ ਲਾਸ਼ ਕਿਧਰੇ ਖੁਰਦ ਬੁਰਦ ਕਰ ਦਿੱਤੀ ਹੋਵੇਗੀ।

ਇਸ ਹਾਲਤ ਵਿੱਚ ਨਛੱਤਰ ਸਿੰਘ ਦੇ ਪੁਰਾਣਾ ਯਾਰ ਧਰਮਿੰਦਰ ਕੰਮ ਆਇਆ, ਉਹ ਉਸ ਕੋਲ ਬੰਬੇ ਚਲਿਆ ਗਿਆ ਸੀ। ਧਰਮਿੰਦਰ ਨੇ ਉਸ ਨੂੰ ਆਪਣੇ ਕੋਲ ਸੰਭਾਲ ਕੇ ਰੱਖਿਆ। ਉਹ ਨਛੱਤਰ ਨੂੰ ਸ਼ੂਟਿੰਗ ਦੌਰਾਨ ਵੀ ਨਾਲ ਲੈ ਜਾਂਦਾ, ਕਲੀਨ ਸੇਵਨ ਨਛੱਤਰ ਗੋਰਾ ਚਿੱਟਾ ਤੇ ਭਰਵਾਂ ਜੁਆਨ ਸੀ। ਧਰਮਿੰਦਰ ਆਪਣੇ ਸਰਕਲਾਂ ਵਿਚ ਨਛੱਤਰ ਦੀ ਵੱਡੇ ਭਰਾ ਦੇ ਤੌਰ 'ਤੇ ਜਾਣ ਪਛਾਣ ਕਰਵਾਉਂਦਾ ਹੁੰਦਾ ਸੀ। ਨਛੱਤਰ ਸਿੰਘ ਹਮੇਸ਼ਾਂ ਉਸ ਦੇ ਬੱਚਿਆਂ ਦੇ ਵਿਆਹਾਂ ਸ਼ਾਦੀਆਂ ਵਿਚ ਵੀ ਸ਼ਾਮਲ ਹੁੰਦਾ ਸੀ। ਧਰਮਿੰਦਰ ਦੇ ਸਹੁਰੇ ਮਲੇਰਕੋਟਲੇ ਨੇੜੇ ਬਨਭੌਰਾ ਪਿੰਡ ਵਿੱਚ ਹਨ। ਉਸ ਦੇ ਸਾਲ਼ੇ ਵੀ ਨਛੱਤਰ ਸਿੰਘ ਨੂੰ ਜਾਣਦੇ ਸਨ। ਨਛੱਤਰ ਸਿੰਘ ਸਾਰੀ ਉਮਰ ਘਰ ਨਹੀਂ ਆਇਆ, ਉਸ ਦੀ ਇੱਕ ਲੜਕੀ ਭਰਾਵਾਂ ਨੇ ਮਲੇਰਕੋਟਲੇ ਨੇੜੇ ਇਕ ਪਿੰਡ ਵਿਚ ਵਿਆਹ ਦਿੱਤੀ ਸੀ। ਦੂਜੀ ਸ਼ਾਇਦ ਦਿਮਾਗੀ ਤੌਰ 'ਤੇ ਠੀਕ ਨਹੀਂ ਸੀ ਪਰ ਉਸ ਨੇ ਸਾਰੀ ਉਮਰ ਪਰਵਾਰ ਦੇ ਕਿਸੇ ਜੀਅ ਨਾਲ ਵੀ ਕੋਈ ਰਾਬਤਾ ਨਾ ਰੱਖਿਆ।

ਬਾਅਦ ਵਿੱਚ ਨਛੱਤਰ ਸਿੰਘ ਉਂਝ ਸਾਲ ਛਿਮਾਹੀ ਪੰਜਾਬ ਵਿੱਚ ਗੇੜਾ ਮਾਰਦਾ ਰਹਿੰਦਾ ਸੀ, ਰਾਏਕੋਟ ਨੇੜੇ ਕਾਲਸਾਂ ਪਿੰਡ ਵਿੱਚ ਬਜ਼ੁਰਗ ਨਕਸਲੀ ਲਾਲ ਸਿੰਘ, ਰਾਏਕੋਟ ਦਾ ਇੱਕ ਕਾਮਰੇਡ ਡਾਕਟਰ ਤੇ ਬਰਨਾਲਾ ਨੇੜਲੇ ਪਿੰਡ ਗੁਰਮਾਂ ਵਾਲੇ ਸੰਤ ਉਸ ਦੇ ਭਰੋਸੇਵੰਦ ਟਿਕਾਣੇ ਸਨ। ਉਹ ਘੁੰਮ ਫਿਰ ਕੇ ਧਰਮਿੰਦਰ ਦੇ ਖੰਡਾਲਾ ਵਾਲੇ ਫਾਰਮ 'ਤੇ ਪਹੁੰਚ ਜਾਂਦਾ ਸੀ, ਜਿਥੇ ਉਸ ਦੀ ਪੱਕੀ ਰਿਹਾਇਸ਼ ਸੀ।

ਦੋ ਕੁ ਸਾਲ ਪਹਿਲਾਂ ਨਛੱਤਰ ਸਿੰਘ ਦੀ ਖੰਡਾਲਾ ਫਾਰਮ 'ਤੇ ਧਰਮਿੰਦਰ ਦੇ ਹੱਥਾਂ ਵਿਚ ਹੀ ਮੌਤ ਹੋ ਗਈ ਸੀ। ਧਰਮਿੰਦਰ ਨੇ ਪੰਜਾਬ ਆਪਣੇ ਕਿਸੇ ਮਿੱਤਰ ਨੂੰ ਫੋਨ ਕਰਕੇ ਸਿਰਫ ਐਨਾ ਹੀ ਕਿਹਾ ,"ਬਾਈ ਤੁਰ ਗਿਆ !" ਤੇ ਬਾਅਦ ਵਿਚ ਉਹ ਫੁੱਟ ਫੁੱਟ ਕੇ ਰੋਣ ਲੱਗ ਪਿਆ। ਧਰਮਿੰਦਰ ਨੇ ਉਥੇ ਹੀ ਉਸ ਦਾ ਸਸਕਾਰ ਕਰ ਕੇ ਸ੍ਰੀ ਅਖੰਡ ਪਾਠ ਸਾਹਿਬ ਦਾ ਭੋਗ ਪਾ ਦਿੱਤਾ ਸੀ।